ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 5015873
ਫੈਕਸ:0172-2624687, ਈ-ਮੇਲ: pedagogy.tt@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ ਅਤੇ ਐ.ਸਿੱ), ਪੰਜਾਬ।
ਸਮੂਹ ਪ੍ਰਿੰਸੀਪਲ, ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ, ਪੰਜਾਬ।
ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ, ਪੰਜਾਬ।
ਸਮੂਹ ਸਕੂਲ ਮੁਖੀ, ਪੰਜਾਬ।

ਵੈੱਬ ਸਾਈਟ ਰਾਹੀਂ

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ-ਟੀ.ਟੀ/78052-78056

ਮਿਤੀ: ਚੰਡੀਗੜ੍ਹ 18.05.2012

ਵਿਸ਼ਾ:- **ਸਾਲ 2012-13 ਦੀਆਂ ਬਲਾਕ ਪੱਧਰ ਅਤੇ ਕਲੱਸਟਰ ਪੱਧਰ ਦੀਆਂ ਟ੍ਰੇਨਿੰਗਜ਼ ਦੇ ਦਿਸ਼ਾ ਨਿਰਦੇਸ਼ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਉਚੇਚਾ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 PAB ਵਿੱਚ ਮੰਜ਼ੂਰ ਹੋਏ ਅਨੁਸਾਰ ਸਾਲ 2012-13 ਦੌਰਾਨ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਬਲਾਕ ਪੱਧਰ (ਪੰਜ ਰੋਜ਼ਾ) ਅਤੇ ਕਲੱਸਟਰ ਪੱਧਰ (ਦਸ ਰੋਜ਼ਾ) ਤੇ ਟ੍ਰੇਨਿੰਗ ਕਰਵਾਈ ਜਾਵੇਗੀ।

3.0 **ਬਲਾਕ ਪੱਧਰ ਦੀਆਂ ਟ੍ਰੇਨਿੰਗਜ਼ ਸਬੰਧੀ:** ਸਮੂਹ ਜ਼ਿਲ੍ਹਿਆਂ ਵਿੱਚ ਬਲਾਕ ਪੱਧਰ ਤੇ ਸਮੂਹ ਅਧਿਆਪਕਾਂ ਨੂੰ ਵਿਸ਼ਾਵਾਰ ਅਤੇ ਜਨਰਲ ਟਾਪਿਕਸ ਤੇ ਪੰਜ ਰੋਜ਼ਾ ਟ੍ਰੇਨਿੰਗ ਕਰਵਾਈ ਜਾਵੇਗੀ। ਇੱਕ ਗਰੁੱਪ ਵਿੱਚ 35 ਤੋਂ 40 ਅਧਿਆਪਕ ਹੋਣਗੇ।

3.1 ਬਲਾਕ ਪੱਧਰ ਤੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੀਆਂ ਵਿਸ਼ਾਵਾਰ ਟ੍ਰੇਨਿੰਗਜ਼ ਸਮੂਹ ਜ਼ਿਲ੍ਹਿਆਂ ਵਿੱਚ ਛੇ ਫ਼ੇਜ਼ਾਂ ਵਿੱਚ ਜੁਲਾਈ, 2012 ਦੇ ਤੀਜੇ ਹਫ਼ਤੇ ਤੋਂ ਸ਼ੁਰੂ ਕਰਵਾਈ ਜਾਵੇਗੀ। ਇਹਨਾਂ ਟ੍ਰੇਨਿੰਗਜ਼ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:

| ਲੜੀ ਨੰ. | ਫ਼ੇਜ਼ | ਮਿਤੀਆਂ |
|---|---|---|
| 1 | ਪਹਿਲਾ | 16.07.2012 ਤੋਂ 20.07.2012 ਤੱਕ |
| 2 | ਦੂਸਰਾ | 23.07.2012 ਤੋਂ 27.07.2012 ਤੱਕ |
| 3 | ਤੀਸਰਾ | 30.07.2012 ਤੋਂ 04.08.2012 ਤੱਕ |
| 4 | ਚੌਥਾ | 06.08.2012 ਤੋਂ 13.08.2012 ਤੱਕ |
| 5 | ਪੰਜਵਾਂ | 14.08.2012 ਤੋਂ 21.08.2012 ਤੱਕ |
| 6 | ਛੇਵਾਂ | 22.08.2012 ਤੋਂ 27.08.2012 ਤੱਕ |

**ਇਹ ਟ੍ਰੇਨਿੰਗ ਛੁੱਟੀ ਦੇ ਦਿਨ ਨੂੰ ਛੱਡ ਕੇ ਕਰਵਾਈ ਜਾਵੇਗੀ।**

3.2 ਇਹਨਾਂ ਟ੍ਰੇਨਿੰਗਜ਼ ਤੋਂ ਪਹਿਲਾਂ ਟ੍ਰੇਨਿੰਗਜ਼ ਦੇ ਰਿਸੋਰਸ ਪਰਸਨਜ਼ ਨੂੰ ਟ੍ਰੇਨਿੰਗਜ਼ ਕਰਵਾਈਆਂ ਜਾਣਗੀਆਂ ਜੋ ਕਿ Cascade mode ਨਾਲ ਮਈ ਮਹੀਨੇ ਤੋਂ ਸ਼ੁਰੂ ਹੋਵੇਗੀ।

ਇੱਥੇ ਇਹ ਵਰਨਣਯੋਗ ਹੈ ਕਿ ਉਪਰੋਕਤ ਟ੍ਰੇਨਿੰਗਜ਼ ਦੌਰਾਨ ਰਿਸੋਰਸ ਪਰਸਨਜ਼ ਨੂੰ ਅਤੇ ਅਧਿਆਪਕਾਂ ਨੂੰ ਵਿਸ਼ਾ ਮਾਡਿਊਲਜ/ਮਟੀਰੀਅਲ ਉਪਲਬਧ ਕਰਵਾਇਆ ਜਾਵੇਗਾ।

3.3 ਟ੍ਰੇਨਿੰਗਜ਼ ਦਾ ਮਾਈਕਰੋਪਲਾਨ ਸਬੰਧਤ GISTC/DIETs ਵਲੋਂ ਤਿਆਰ ਕੀਤਾ ਜਾਵੇਗਾ।

3.4 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹੇ ਵਿੱਚ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਕੰਮ ਕਰ ਰਹੇ ਸਮੂਹ ਅਧਿਆਪਕਾਂ ਦੀਆਂ ਸੂਚੀਆਂ ਸਬੰਧਤ GISTCs/DIETs ਨੂੰ 10 ਮਈ, 2012 ਤੱਕ ਮੁਹੱਈਆਂ ਕਰਵਾਈਆਂ ਜਾਣ ਤਾਂ ਜੋ ਉਹਨਾਂ ਵਲੋਂ ਸਮੇਂ ਸਿਰ ਬਲਾਕ ਪੱਧਰ ਤੇ ਮਾਈਕਰੋਪਲਾਨ ਤਿਆਰ ਕੀਤਾ ਜਾ ਸਕੇ। ਰਿਟਾਇਰ ਹੋ ਚੁੱਕੇ ਅਤੇ ਦੂਜੇ ਜ਼ਿਲ੍ਹਿਆਂ ਵਿੱਚ ਬਦਲੀ ਹੋਣ ਵਾਲੇ ਅਧਿਆਪਕਾਂ ਦੀ ਸੂਚੀ ਸਮੇਂ-ਸਮੇਂ ਤੇ ਮੁਹੱਈਆ ਕਰਵਾਈ ਜਾਵੇ ਤਾਂ ਜੋ ਮਾਈਕਰੋਪਲਾਨ ਨੂੰ ਸਮੇਂ-ਸਮੇਂ ਤੇ ਅਪਡੇਟ ਕੀਤਾ ਜਾ ਸਕੇ। ਟ੍ਰੇਨਿੰਗ ਦੇ ਸਮੇਂ ਇੱਕ ਸਮੇਂ ਤੇ ਇੱਕ ਵਿਸ਼ੇ ਦੇ ਕੇਵਲ 50% ਅਧਿਆਪਕ ਹੀ ਟ੍ਰੇਨਿੰਗ ਹਿਤ ਸਕੂਲ ਤੋਂ ਬਾਹਰ ਕੱਢੇ ਜਾਣ। ਮਾਈਕਰੋਪਲਾਨ ਵਿੱਚ ਮੁੱਖ ਦਫ਼ਤਰ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

3.5 ਜਿਹੜੇ ਅਧਿਆਪਕਾਂ ਨੂੰ ਛੇਵੀਂ ਤੋਂ ਅੱਠਵੀਂ ਜਮਾਤ ਦੇ ਵੱਧ ਤੋਂ ਵੱਧ ਪੀਰੀਅਡ ਅਲਾਟ ਕੀਤੇ ਗਏ ਹਨ, ਉਹਨਾਂ ਦੀ ਟ੍ਰੇਨਿੰਗ ਸਸਅ ਤਹਿਤ ਕਰਵਾਈ ਜਾਵੇਗੀ। ਜਿਹੜੇ ਅਧਿਆਪਕਾਂ ਨੂੰ ਨੌਂਵੀਂ ਅਤੇ ਦਸਵੀਂ ਜਮਾਤ ਦੇ ਵੱਧ ਤੋਂ ਵੱਧ ਪੀਰੀਅਡ ਅਲਾਟ ਹੋਏ ਹਨ, ਉਹ ਰਮਸਅ ਅਧੀਨ ਟ੍ਰੇਨਿੰਗ ਲੈਣਗੇ। ਜਿੱਥੇ ਇੱਕ ਹੀ ਅਧਿਆਪਕ ਛੇਵੀਂ ਤੋਂ ਦਸਵੀਂ ਜਮਾਤ ਤੱਕ ਕੋਈ ਵਿਸ਼ਾ ਪੜ੍ਹਾ ਰਿਹਾ ਹੈ, ਉਹ ਸਸਅ ਤਹਿਤ ਉਸੇ ਵਿਸ਼ੇ ਦੀ ਟ੍ਰੇਨਿੰਗ ਲਵੇਗਾ। ਸਕੂਲ ਮੁਖੀ ਇਸ

ਗੱਲ ਦਾ ਧਿਆਨ ਰੱਖਣਗੇ ਕਿ ਕਿਸੇ ਵੀ ਅਧਿਆਪਕ ਦੀ ਹਰ ਤਰ੍ਹਾਂ ਦੀ ਟ੍ਰੇਨਿੰਗ ਪੰਦਰਾਂ ਦਿਨਾਂ ਤੋਂ ਨਾ ਵਧੇ ਭਾਵ ਹਰ ਅਧਿਆਪਕ ਨੇ ਪੰਦਰਾਂ ਦਿਨਾਂ ਦੀ ਟ੍ਰੇਨਿੰਗ ਲੈਣੀ ਹੈ।

3.6 **ਸਸਅ ਅਧੀਨ ਭਰਤੀ ਸਾਰੇ ਅਧਿਆਪਕ ਅਤੇ ਸਿੱਖਿਆ ਕਰਮੀ ਸਸਅ ਦੀਆਂ ਟ੍ਰੇਨਿੰਗਜ਼ ਲਗਾਉਣਗੇ।**

3.7 ਟ੍ਰੇਨਿੰਗ ਦੌਰਾਨ ਅਧਿਆਪਕਾਂ ਵਲੋਂ ਛੁੱਟੀ ਲੈਣ ਦੇ ਕਾਰਨ ਦੀ ਕਿਸਮ ਨੂੰ ਦੇਖਦੇ ਹੋਏ ਹੀ ਛੁੱਟੀ ਮੰਜ਼ੂਰ ਕੀਤੀ ਜਾਵੇਗੀ ਅਤੇ ਛੁੱਟੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਵਲੋਂ ਮੰਜ਼ੂਰ ਕੀਤੀ ਜਾਵੇਗੀ।

3.8 ਸਾਲ 2012-13 ਦੌਰਾਨ ਬਲਾਕ ਪੱਧਰ ਦੀਆਂ ਟ੍ਰੇਨਿੰਗਜ਼ ਬੀ.ਆਰ.ਸੀਜ਼ / ਸੀ.ਆਰ.ਸੀਜ਼ ਵਿਖੇ ਕਰਵਾਈਆਂ ਜਾਣਗੀਆਂ, ਇਸਲਈ ਟ੍ਰੇਨਿੰਗਜ਼ ਦੇ ਮੱਦੇਨਜ਼ਰ ਬੀ.ਆਰ.ਸੀ./ਸੀ.ਆਰ.ਸੀਜ਼ ਦੀ ਫ਼ਰਨੀਸ਼ਿੰਗ ਦੀ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਦੀ ਹੋਵੇਗੀ।

3.9 ਬਲਾਕ ਪੱਧਰ ਦੀਆਂ ਟ੍ਰੇਨਿੰਗਜ਼ ਦੇ ਫ਼ੇਜ਼ਾਂ ਦੇ ਮੱਦੇਨਜ਼ਰ, ਜਿਨ੍ਹਾਂ ਜ਼ਿਲ੍ਹਿਆਂ ਵਿੱਚ ਅਧਿਆਪਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਉੱਥੇ GISTC/DIETs/ਸਕੂਲਾਂ ਨੂੰ ਵੀ ਬਤੌਰ ਟ੍ਰੇਨਿੰਗ ਸਥਾਨ/ਸੈਂਟਰ ਇਸਤੇਮਾਲ ਕੀਤਾ ਜਾ ਸਕਦਾ ਹੈ।

4.0 ਬਲਾਕ ਪੱਧਰ ਦੀਆਂ ਟ੍ਰੇਨਿੰਗਜ਼ ਦੇ ਰਿਸੋਰਸ ਪਰਸਨਜ਼ ਅਤੇ ਟ੍ਰੇਨੀ ਅਧਿਆਪਕ ਨੂੰ ਕੀਤੀ ਜਾਣ ਵਾਲੀ ਅਦਾਇਗੀ ਸਬੰਧਤ ਮੱਦ (10.1) ਵਿੱਚੋਂ (ਫ਼ੰਡ ਉਪਲਬਧ ਹੋਣ ਦੀ ਸੂਰਤ ਵਿੱਚ) ਸਬੰਧਤ GISTC/DIETs ਵਲੋਂ ਮੌਕੇ ਤੇ ਹੀ ਕੀਤੀ ਜਾਵੇਗੀ।

4.1 **ਕਲੱਸਟਰ ਪੱਧਰ ਦੀਆਂ ਟ੍ਰੇਨਿੰਗਜ਼:** ਸਮੂਹ ਪ੍ਰਾਇਮਰੀ ਅਧਿਆਪਕਾਂ ਨੂੰ ਕਲੱਸਟਰ ਪੱਧਰ ਤੇ ਕਰਵਾਈ ਜਾਣ ਵਾਲੀ ਦਸ ਰੋਜ਼ਾ ਟ੍ਰੇਨਿੰਗ ਸਬੰਧਤ ਪੜ੍ਹੋ ਪੰਜਾਬ ਕੋਆਰਡੀਨੇਟਰ/ਸਹਾਇਕ ਪੜ੍ਹੋ ਪੰਜਾਬ ਕੋਆਰਡੀਨੇਟਰ, BMT/CMT ਵਲੋਂ ਕਰਵਾਈ ਜਾਵੇਗੀ। ਅੱਪਰ ਪ੍ਰਾਇਮਰੀ ਪੱਧਰ ਤੇ ਅਧਿਆਪਕਾਂ ਨੂੰ ਅੰਗਰੇਜ਼ੀ ਵਿਸ਼ੇ ਦੀ ਟ੍ਰੇਨਿੰਗ ਸਬੰਧਤ EPDC/EMT, ਮੈਥ ਵਿਸ਼ੇ ਦੀ ਟ੍ਰੇਨਿੰਗ MPDC/MMT ਵਲੋਂ ਕਰਵਾਈ ਜਾਵੇਗੀ। ਬਾਕੀ ਰਹਿੰਦੇ ਵਿਸ਼ਿਆਂ ਦੇ ਅਧਿਆਪਕਾਂ ਨੂੰ (ਹਿੰਦੀ, ਪੰਜਾਬੀ, ਸਾਇੰਸ ਸਮਾਜਿਕ ਸਿੱਖਿਆ ਅਤੇ ਆਰਟ ਐਂਡ ਕਰਾਫ਼ਟ) ਕਲੱਸਟਰ ਸਕੂਲਾਂ ਵਿੱਚ ਮੁੱਖ ਦਫ਼ਤਰ ਵਲੋਂ ਟ੍ਰੇਨਡ ਰਿਸੋਰਸ ਪਰਸਨਜ਼ ਵਲੋਂ ਟ੍ਰੇਨਿੰਗ ਕਰਵਾਈ ਜਾਵੇਗੀ। **ਇਹਨਾਂ ਰਿਸੋਰਸ ਪਰਸਨਜ਼ ਦੀਆਂ ਡਿਊਟੀਆਂ ਸਬੰਧਤ ਪ੍ਰਿੰਸੀਪਲ,. GISTC/DIETs ਵਲੋਂ ਲਗਾਈਆਂ ਜਾਣਗੀਆਂ। ਕਲੱਸਟਰ ਸੈਂਟਰ ਤੇ ਸਬੰਧਤ ਵਿਸ਼ੇ ਦੇ ਅਧਿਆਪਕਾਂ ਨੂੰ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵਲੋਂ ਭੇਜਿਆ ਜਾਵੇਗਾ।**

4.2 BMT/CMT/EMT/MMTs Onsite ਟ੍ਰੇਨਿੰਗ ਹਿਤ ਇੱਕ ਰਜਿਸਟਰ ਮੇਨਟੇਨ ਕਰਨਗੇ, ਜਿਸ ਵਿੱਚ ਉਹਨਾਂ ਨੂੰ ਅਲਾਟ ਕੀਤੇ ਹਰ ਸਕੂਲ ਦਾ ਇੱਕ ਵੱਖ ਪੇਜ਼ ਲਗਾਇਆ ਜਾਵੇਗਾ ਅਤੇ ਉਸ ਪੇਜ਼ ਤੇ ਸਬੰਧਤ ਸਕੂਲ ਦੇ ਅਧਿਆਪਕਾਂ ਦੇ ਨਾਂ ਲਿਖੇ ਜਾਣਗੇ ਤਾਂ ਜੋ ਕੇਵਲ ਟ੍ਰੇਨਿੰਗ ਦੇ ਦਿਨਾਂ ਦੀ ਗਿਣਤੀ ਕਰਦੇ ਸਮੇਂ ਇੱਕ ਹੀ ਅਧਿਆਪਕ ਦੀ ਗਿਣਤੀ ਵਾਰ ਵਾਰ ਨਾ ਹੋਵੇ ਅਤੇ ਅਧਿਆਪਕ ਨੂੰ ਡੀ.ਏ ਵਜੋਂ ਅਦਾ ਕੀਤੀ ਜਾ ਰਹੀ ਰਾਸ਼ੀ ਦਾ ਰਿਕਾਰਡ ਵੀ ਰੱਖਿਆ ਜਾ ਸਕੇ। **ਇਸ ਰਿਕਾਰਡ ਲਈ ਹੇਠਾਂ ਦਿੱਤਾ ਪ੍ਰੋਫਾਰਮਾ ਰਜਿਸਟਰ ਵਿੱਚ ਤਿਆਰ ਕਰਕੇ EMTs / MMTs / BMTs / CMTs / EPDCs / MPDCs ਵਲੋਂ ਵਰਤਿਆ ਜਾਵੇਗਾ:**

**ਪ੍ਰੋਫਾਰਮਾ**
**(On-Site ਟਰੇਨਿੰਗ ਦਾ ਫਿਜ਼ੀਕਲ ਅਤੇ ਵਿੱਤੀ ਵੇਰਵਾ)**

**ਸਕੂਲ ਦਾ ਨਾਂ.....................**

| ਲੜੀ ਨੰ | ਅਧਿਆਪਕ ਦਾ ਨਾਂ | ਅਹੁਦਾ | ਅਪ੍ਰੈਲ | | ਮਈ | | ਜੁਲਾਈ | | ਅਗਸਤ | | ਸਤੰਬਰ | | ਅਕਤੂਬਰ | | ਨਵੰਬਰ | | ਦਸੰਬਰ | | ਜਨਵਰੀ | | ਫਰਵਰੀ | |
|---|---|---|---|---|---|---|---|---|---|---|---|---|---|---|---|---|---|---|---|---|---|---|
| | | | ਫਿਜ਼ੀਕਲ | ਵਿੱਤੀ | | | | | | | | | | | | | | | | | | |
| | | | | | | | | | | | | | | | | | | | | | | |
| | | | | | | | | | | | | | | | | | | | | | | |
| | | | | | | | | | | | | | | | | | | | | | | |
| | | | | | | | | | | | | | | | | | | | | | | |
| | | | | | | | | | | | | | | | | | | | | | | |
| | | | | | | | | | | | | | | | | | | | | | | |
| | | | | | | | | | | | | | | | | | | | | | | |

4.3 EMTs / MMTs / BMTs / CMTs / EPDCs / MPDCs / ਪੜ੍ਹੋ ਪੰਜਾਬ ਕੋਆਰਡੀਨੇਟਰ / ਸਹਾਇਕ ਪੜ੍ਹੋ ਪੰਜਾਬ ਕੋਆਰਡੀਨੇਟਰ ਵਲੋਂ ਹਰ ਮਹੀਨੇ ਦੀ ਪੰਦਰਾਂ ਤਾਰੀਖ ਤੱਕ ਟ੍ਰੇਨਿੰਗ ਦੇ ਦਿਨਾਂ ਦੀ ਗਿਣਤੀ ਅਤੇ ਬਿਲ ਸਬੰਧਤ ਪ੍ਰਿੰਸੀਪਲ, GISTC/DIETs ਨੂੰ ਮੁਹੱਈਆ ਕਰਵਾਉਣਗੇ। ਪੰਦਰਾ ਤਾਰੀਖ ਤੋਂ ਬਾਅਦ ਕੋਈ ਵੀ ਬਿਲ ਲਿਆ ਨਹੀਂ ਜਾਵੇਗਾ।

4.4 ਕਲੱਸਟਰ ਪੱਧਰ ਤੇ On-Site ਟ੍ਰੇਨਿੰਗਾਂ ਲਈ ਇੱਕ ਮਹੀਨੇ ਵਿੱਚ ਅਧਿਆਪਕਾਂ ਨੂੰ ਦੋ ਵਾਰ ਤੋਂ ਵੱਧ ਅਦਾਇਗੀ ਨਹੀਂ ਕੀਤੀ ਜਾਵੇਗੀ ਪਰ ਟ੍ਰੇਨਿੰਗ ਲੋੜ ਅਨੁਸਾਰ ਦੋ ਵਾਰ ਤੋਂ ਵੱਧ ਦਿੱਤੀ ਜਾ ਸਕਦੀ ਹੈ।

4.5 On-Site ਟ੍ਰੇਨਿੰਗ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੇ ਪੰਜ ਦਿਨ ਪੂਰੇ ਹੋਣ ਉਪਰੰਤ ਅਤੇ ਪ੍ਰਾਇਮਰੀ ਅਧਿਆਪਕਾਂ ਦੇ ਦਸ ਦਿਨ ਪੂਰੇ ਹੋਣ ਤੋਂ ਬਾਅਦ ਹਸਤਾਖ਼ਰ ਕਰਵਾ ਕੇ ਉਹਨਾਂ ਨੂੰ ਪੰਜ ਦਿਨਾਂ ਦਾ/ਦਸ ਦਿਨਾਂ ਦਾ ਡੀ.ਏ ਦਿੱਤਾ ਜਾਵੇਗਾ।

4.6 ਸਬੰਧਤ GISTC/DIETs ਵਲੋਂ ਵੀ (ਫ਼ੰਡਜ਼ ਹੋਣ ਦੀ ਸੂਰਤ ਵਿੱਚ) ਹਰ ਮਹੀਨੇ ਦੀ 20 ਤਾਰੀਖ ਤੱਕ ਬਿੱਲਾਂ ਦੀ ਅਦਾਇਗੀ ਕੀਤੀ ਜਾਵੇਗੀ। ਇਸਦੀ ਅਦਾਇਗੀ ਮੱਦ **10.02** ਵਿੱਚੋਂ ਕੀਤੀ ਜਾਵੇਗੀ।

4.7 ਪੜ੍ਹੋ ਪੰਜਾਬ ਕੋਆਰਡੀਨੇਟਰ / ਸਹਾਇਕ ਪੜ੍ਹੋ ਪੰਜਾਬ ਕੋਆਰਡੀਨੇਟਰ / EPDC / MPDC / BMT / CMT / EMT / MMT, ਵੱਲੋਂ ਬਿਲ ਅਤੇ ਹਾਜ਼ਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਤਸਦੀਕ ਕਰਵਾਕੇ ਸਬੰਧਤ ਪ੍ਰਿੰਸੀਪਲ, GISTC/DIETs ਨੂੰ ਮੁਹੱਈਆ ਕਰਵਾਈ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਦੇਰ ਤੱਕ non-availability ਦੀ ਸੂਰਤ ਵਿੱਚ ਬਿੱਲ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਵਲੋਂ ਤਸਦੀਕ ਕਰਵਾਏ ਜਾਣਗੇ।

4.8 ਸਕੂਲ ਵਿਜ਼ਟ ਸਮੇਂ EMT/MMT/BMT/CMT ਵਲੋਂ ਵਿਜ਼ਟ ਰਜਿਸਟਰ ਵਿੱਚ ਹਸਤਾਖਰ ਅਤੇ ਵਿਜ਼ਟ ਨੂੰ ਸਕੂਲ ਮੁਖੀ ਤੋਂ ਤਸਦੀਕ ਕਰਵਾਉਣਾ ਲਾਜ਼ਮੀ ਹੋਵੇਗਾ।

4.9 ਸਬੰਧਤ BMT/CMT/EMT/MMTs ਵਲੋਂ ਅਡਵਾਂਸ ਵਿੱਚ (ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ) 15 ਦਿਨ ਦਾ ਰੋਸਟਰ ਪਲਾਨ ਸਬੰਧਤ ਪ੍ਰਿੰਸੀਪਲ, GISTC/DIETs ਨੂੰ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਸਮਰੱਥ ਅਧਿਕਾਰੀਆਂ/ਅਧਿਆਪਕਾਂ ਵਲੋਂ ਮੋਨੀਟਰਿੰਗ ਕੀਤੀ ਜਾ ਸਕੇ ਅਤੇ ਇਸਲਈ ਅਧਿਆਪਕਾਂ ਨੂੰ ਦਿੱਤੇ ਜਾਣ ਵਾਲੇ ਡੀ.ਏ ਦੀ ਰਾਸ਼ੀ, ਸਬੰਧਤ EMT/MMT/BMT/CMT ਨੂੰ, ਮੌਕੇ ਤੇ ਭੁਗਤਾਨ ਕਰਨ ਹਿਤ, ਮੁਹੱਈਆ ਕਰਵਾਈ ਜਾਵੇ। On site ਟ੍ਰੇਨਿੰਗ ਦੌਰਾਨ ਡੀ.ਏ (45/-ਰੁ:) ਕੇਵਲ ਸਬੰਧਤ ਵਿਸ਼ਾ ਅਧਿਆਪਕ ਨੂੰ ਹੀ ਦਿੱਤਾ ਜਾਵੇਗਾ। ਟ੍ਰੇਨਿੰਗ ਦੂਜੇ ਵਿਸ਼ੇ ਦੇ ਅਧਿਆਪਕ ਭਾਵ ਜੇਕਰ ਹਿੰਦੀ ਅਧਿਆਪਕ, ਮੈਥ ਪੜ੍ਹਾ ਰਿਹਾ ਹੈ ਤਾਂ ਉਸਨੂੰ ਵੀ ਟ੍ਰੇਨਿੰਗ ਦਿੱਤੀ ਜਾਵੇਗੀ ਪਰ ਉਸਨੂੰ ਡੀ.ਏ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

5.0 ਉਪਰੋਕਤ ਦੋਹਾਂ ਪੱਧਰ ਦੀਆਂ ਟ੍ਰੇਨਿੰਗਜ਼ ਦੌਰਾਨ ਗੈਰ ਹਾਜ਼ਰ ਰਹਿਣ ਵਾਲੇ ਰਿਸੋਰਸ ਪਰਸਨਜ਼ ਅਤੇ ਅਧਿਆਪਕਾਂ ਵਿਰੁੱਧ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਵਲੋਂ ਬਣਦੀ ਕਾਰਵਾਈ ਕਰਕੇ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇਗਾ।

5.1 ਹਰ ਮਹੀਨੇ ਦੀ 15 ਤਾਰੀਖ ਤੱਕ, ਟੀਚਰ ਟ੍ਰੇਨਿੰਗਜ਼ ਦਾ ਭੌਤਿਕ ਅਤੇ ਵਿੱਤੀ ਮਹੀਨਾਵਾਰ ਵੇਰਵਾ ਤਿਆਰ ਕਰਕੇ (ਪਿਛਲੇ ਮਹੀਨੇ ਦੀ 30/31 ਤਾਰੀਖ ਤੱਕ ਦਾ) ਮੁੱਖ ਦਫ਼ਤਰ ਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਅਤੇ ਪ੍ਰਿੰਸੀਪਲ, GISTC/DIETs ਵਲੋਂ ਪੁੱਜਦਾ ਕੀਤਾ ਜਾਵੇਗਾ।

5.2 ਉਪਰੋਕਤ ਦੋਹਾਂ ਪੱਧਰ ਦੀਆਂ ਟ੍ਰੇਨਿੰਗਜ਼ ਦੀ ਮੋਨੀਟਰਿੰਗ ਡਾਇਰੈਕਟਰ, SCERT, ਪੰਜਾਬ, ਸਬੰਧਤ ਮੰਡਲ ਸਿੱਖਿਆ ਅਫ਼ਸਰ, **ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ** (ਐ.ਸਿ. ਅਤੇ ਸੈ.ਸਿ.), ਸਬੰਧਤ GISTC/DIETs ਦੇ ਪ੍ਰਿੰਸੀਪਲ ਅਤੇ ਮੁੱਖ ਦਫ਼ਤਰ ਦੇ ਅਧਿਕਾਰੀਆਂ ਵਲੋਂ ਕੀਤੀ ਜਾਵੇਗੀ।

5.3 ਉਪਰੋਕਤ ਦੋਹਾਂ ਪੱਧਰ ਦੀਆਂ ਟ੍ਰੇਨਿੰਗਜ਼ ਦੌਰਾਨ, ਰਿਸੋਰਸਪਰਸਨਜ਼ ਅਤੇ ਅਧਿਆਪਕਾਂ ਨੂੰ ਅਦਾਇਗੀ ਕਰਦੇ ਸਮੇਂ, ਟੀਚਰ ਟ੍ਰੇਨਿੰਗ ਗ੍ਰਾਂਟ ਦੀ ਰਾਸ਼ੀ ਦੀ ਵਰਤੋਂ ਮੱਦ ਅਨੁਸਾਰ, ਮੁੱਖ ਦਫ਼ਤਰ ਵਲੋਂ ਜਾਰੀ ਪੱਤਰ ਅਨੁਸਾਰ ਕੀਤੀ ਜਾਵੇਗੀ। ਇੱਕ ਮੱਦ ਦੀ ਰਾਸ਼ੀ ਦੀ ਵਰਤੋਂ ਦੂਜੀ ਮੱਦ ਵਿੱਚੋਂ ਨਹੀਂ ਕੀਤੀ ਜਾਵੇਗੀ।

6.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਤਾਰਾ:** **ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਡਾਇਰੈਕਟਰ, ਐੱਸ.ਸੀ.ਈ.ਆਰ.ਟੀ, ਪੰਜਾਬ
2. ਮੰਡਲ ਸਿੱਖਿਆ ਅਫ਼ਸਰ, ਪੰਜਾਬ
3. ਏ.ਐੱਸ.ਪੀ.ਡੀ (ਮੈਥ)
4. ਏ.ਐੱਸ.ਪੀ.ਡੀ (ਸਾਇੰਸ)
5. ਏ.ਐੱਸ.ਪੀ.ਡੀ (ਮੀਡੀਆ)
6. ਏ.ਐੱਸ.ਪੀ.ਡੀ (ਇੰਗਲਿਸ਼)
7. ਡੀ.ਐੱਮ., ਐੱਮ.ਆਈ.ਐੱਸ (ਵੈੱਬ ਸਾਈਟ ਤੇ ਪਾਉਣ ਹਿਤ)